# ਪੰਜਾਬ ਵਿਧਾਨ ਸਭਾ ਸਕੱਤਰੇਤ

ਬੁੱਧਵਾਰ, ਮਿਤੀ 21 ਮਾਰਚ, 2018 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਸਵੇਰ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।

## ਡੀ.ਸੀ. ਦਫਤਰ ਸ਼ਹੀਦ ਭਗਤ ਸਿੰਘ ਨਗਰ ਵਿਖੇ ਖਾਲੀ ਪੋਸਟਾਂ ਭਰਨਾ

***881. ਸ਼੍ਰੀ ਅੰਗਦ ਸਿੰਘ, ਐਮ.ਐਲ.ਏ.** :- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਡੀ.ਸੀ. ਦਫਤਰ ਸ਼ਹੀਦ ਭਗਤ ਸਿੰਘ ਨਗਰ ਵਿਖੇ ਖਾਲੀ ਪਈਆਂ ਪੋਸਟਾਂ (ਕਲਰਕ 57) ਅਤੇ ਕਲਾਸ IV (55) ਨੂੰ ਭਰਨ ਦੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਭਰੀਆਂ ਜਾਣਗੀਆਂ?

## ਦੋਰਾਹਾ ਮੰਡੀ ਤਹਿ. ਪਾਇਲ ਵਿਖੇ ਸਰਕਾਰੀ ਸਿਵਲ ਹਸਪਤਾਲ ਖੋਲ੍ਹਣਾ

***753. ਸਰਦਾਰ ਲਖਵੀਰ ਸਿੰਘ ਲੱਖਾ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ 25000 ਤੋਂ ਵੱਧ ਵਸੋਂ ਵਾਲੇ ਤਹਿਸੀਲ ਪਾਇਲ ਦੇ ਕਸਬਾ ਦੋਰਾਹਾ ਮੰਡੀ ਵਿਖੇ ਸਰਕਾਰੀ ਸਿਵਲ ਹਸਪਤਾਲ ਸਥਾਪਿਤ ਕਰਨ ਲਈ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

## ਲਾਲਾ ਲਾਜਪਤ ਰਾਏ ਦੀ ਵਿਰਾਸਤ ਦੀ ਸਾਂਭ ਸੰਭਾਲ

***738. ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.**:- ਕੀ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਲਾਲਾ ਲਾਜਪਤ ਰਾਏ ਜੀ ਦਾ ਜੱਦੀ ਸ਼ਹਿਰ ਤਹਿਸੀਲ ਜਗਰਾਉਂ ਅਤੇ ਜ਼ਿਲ੍ਹਾ ਲੁਧਿਆਣਾ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਨੇ ਉਨ੍ਹਾ ਦੀ ਵਿਰਾਸਤ ਨੂੰ ਸੰਭਾਲਣ ਲਈ ਕਿਹੜੇ ਉਪਰਾਲੇ ਕੀਤੇ ਹਨ;

ਅ) ਕੀ ਸਰਕਾਰ ਉਨ੍ਹਾਂ ਦੀ ਵਿਰਾਸਤ ਨੂੰ ਸੰਭਾਲ ਕੇ ਲਾਲਾ ਜੀ ਦੇ ਨਾਮ ਉਤੇ ਕੋਈ ਰਾਜ ਪੱਧਰੀ ਸਮਾਗਮ ਕਰਵਾਏਗੀ;

ੲ) ਮੌਜੂਦਾ ਸਰਕਾਰ ਨੇ ਔਮਰਾ ਪੈਲਸ ਵਿਚ ਲਾਲਾ ਜੀ ਦੇ ਨਾਮ ਤੇ ਜਗਰਾਉਂ ਵਿਚ ਸਟੇਡੀਅਮ ਬਣਾਉਣ ਦਾ ਜੋ ਵਾਅਦਾ ਕੀਤਾ ਸੀ ਉਹ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ?

## ਦਰਖਤਾਂ ਦੀ ਕਟਾਈ ਨੂੰ ਰੋਕਣਾ

***735. ਪ੍ਰੋਫੈਸਰ ਬਲਜਿੰਦਰ ਕੌਰ, ਐਮ.ਐਲ.ਏ.**:- ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿਚ ਨਹਿਰਾਂ ਸੂਏ ਅਤੇ ਰਾਜਬਾਹਿਆਂ ਦੇ ਕਿਨਾਰਿਆਂ ਤੋਂ ਲੋਕ ਦਰੱਖਤਾਂ ਦੀ ਕਟਾਈ ਕਰ ਲੈਂਦੇ ਹਨ; ਜੇਕਰ ਅਜਿਹਾ ਹੈ ਤਾਂ ਸਰਕਾਰ ਇਸ ਦੀ ਰੋਕਥਾਮ ਲਈ ਕੀ ਕਦਮ ਉੱਠਾ ਰਹੀ ਹੈ?

## ਜ਼ਿਲ੍ਹਾ ਬਠਿੰਡਾ ਦੇ ਵਾਟਰ ਵਰਕਸ ਨੂੰ ਚਾਲੂ ਕਰਨਾ

***716. ਮਿਸ ਰੁਪਿੰਦਰ ਕੌਰ ਰੂਬੀ, ਐਮ.ਐਲ.ਏ.**:- ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਬਠਿੰਡਾ ਵਿਚ ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ ਹੈ ਅਤੇ ਬਹੁਤ ਸਾਰੇ ਪਿੰਡਾਂ ਦੇ ਵਾਟਰ ਵਰਕਸ ਕੰਮ ਨਹੀਂ ਕਰ ਰਹੇ ਜਿਸ ਕਰਕੇ ਲੋਕਾਂ ਨੂੰ ਕੈਂਸਰ ਤੇ ਕਾਲਾ ਪੀਲੀਆ ਦੀਆਂ ਘਾਤਕ ਬਿਮਾਰੀਆਂ ਲੱਗ ਰਹੀਆਂ ਹਨ; ਜੇਕਰ ਅਜਿਹਾ ਹੈ ਤਾਂ ਜਿਹੜੇ ਵਾਟਰ ਵਰਕਸ ਕੰਮ ਨਹੀਂ ਕਰ ਰਹੇ ਉਹਨਾਂ ਨੂੰ ਚਾਲੂ ਕਰਨ ਲਈ ਸਰਕਾਰ ਵਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ?

## ਆਈ.ਟੀ.ਆਈ. ਬਮਿਆਲ ਨੂੰ ਐਨ.ਸੀ.ਵੀ.ਟੀ. ਅਧੀਨ ਕਰਨਾ

***943. ਸ਼੍ਰੀ ਜੋਗਿੰਦਰ ਪਾਲ, ਐਮ.ਐਲ.ਏ.**- ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਰਕਾਰ ਆਈ.ਟੀ.ਆਈ. ਬਮਿਆਲ ਨੂੰ ਐਨ.ਸੀ.ਵੀ.ਟੀ. ਅਧੀਨ ਕਰਨ ਦਾ ਵਿਚਾਰ ਰੱਖਦੀ ਹੈ ਤਾਂ ਜੋ ਬਾਰਡਰ ਏਰੀਏ ਦੇ ਬੱਚਿਆਂ ਨੂੰ ਸਹੂਲਤ ਮਿਲ ਸਕੇ; ਜੇਕਰ ਹਾਂ ਤਾਂ ਕਦੋਂ ਤੱਕ?

## ਬਰਨਾਲਾ ਵਿਖੇ ਬਣੇ ਨਵੇਂ ਯੂਨੀਵਰਸਿਟੀ ਕਾਲਜ ਦੇ ਬਕਾਇਆ ਫੰਡ ਜਾਰੀ ਕਰਨਾ

***724. ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ, ਐਮ.ਐਲ.ਏ.**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਰਨਾਲਾ ਵਿਖੇ ਘੁੰਨਸਾ ਰੋਡ ਨੇੜੇ ਸੰਧੂ ਪੱਤੀ ਵਿਖੇ ਨਵੇਂ ਬਣੇ ਯੂਨੀਵਰਸਿਟੀ ਕਾਲਜ ਨੂੰ 14 ਕਰੋੜ ਰੁਪਏ ਦੀ ਗ੍ਰਾਂਟ ਮਨਜੂਰ ਹੋਈ ਸੀ, ਜਿਸ ਵਿਚੋਂ 7.25 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰ ਦਿੱਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਉਪਰੋਕਤ ਵਰਣਿਤ ਰਾਸ਼ੀ ਵਿਚੋਂ ਬਕਾਇਆ ਫੰਡ ਕਦੋਂ ਤੱਕ ਜਾਰੀ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ?

## ਨਾਭਾ-ਮਲੇਰਕੋਟਲਾ ਰੋਡ ਤੇ ਬਾਈਪਾਸ ਬਣਾਉਣਾ

***727. ਸਰਦਾਰ ਸੁਰਜੀਤ ਸਿੰਘ ਧੀਮਾਨ, ਐਮ.ਐਲ.ਏ.**:- ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਸੰਗਰੂਰ ਵਿਚ ਕਸਬਾ ਅਮਰਗੜ੍ਹ ਦੇ ਬਾਹਰਲੇ ਪਾਸੇ ਨਾਭਾ-ਮਲੇਰਕੋਟਲਾ ਰੋਡ ਤੇ ਬਾਈਪਾਸ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ ਅਤੇ ਉਪਰੋਕਤ ਬਾਈ ਪਾਸ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ?

## ਪਾਇਲ ਵਿਖੇ ਨਵੀਂ ਮਾਰਕਿਟ ਕਮੇਟੀ ਬਣਾਉਣਾ

***784. ਸਰਦਾਰ ਲਖਵੀਰ ਸਿੰਘ ਲੱਖਾ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪਾਇਲ ਵਿਖੇ ਨਵੀਂ ਮਾਰਕਿਟ ਕਮੇਟੀ ਬਨਾਉਣ/ਸਥਾਪਿਤ ਕਰਨ ਤੇ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

## ਸਰਕਾਰੀ ਹਸਪਤਾਲ, ਸ਼ੁਤਰਾਣਾ ਦਾ ਨਵੀਨੀਕਰਨ ਕਰਨਾ

***920. ਸਰਦਾਰ ਨਿਰਮਲ ਸਿੰਘ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ ਹਸਪਤਾਲ, ਸ਼ੁਤਰਾਣਾ ਦੀ ਅਤਿ ਖਸਤਾ ਹਾਲਤ ਦੇ ਮੱਦੇ ਨਜ਼ਰ ਇਸ ਨੂੰ ਨਵਾਂ ਬਣਾਉਣ ਅਤੇ ਇਸ ਵਾਸਤੇ ਅਗਲੇ ਵਿੱਤੀ ਸਾਲ ਵਿੱਚ ਲੋੜੀਂਦੇ ਫੰਡਜ਼ ਰੱਖਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਕੰਮ ਲਈ ਸਰਕਾਰ ਕੋਈ ਸਮਾਂ ਬੱਧ ਕਰੇਗੀ ?

## ਰਾਜ ਵਿਚ ਸਾਨ੍ਹਾਂ ਅਤੇ ਕੁੱਤਿਆਂ ਨੂੰ ਬਾਂਝ ਕਰਨ ਲਈ ਯੋਜਨਾ ਬਣਾਉਣਾ

***831. ਡਾ. ਹਰਜੋਤ ਕਮਲ ਸਿੰਘ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਰਾਜ ਵਿਚ ਸਾਨ੍ਹਾਂ ਅਤੇ ਕੁੱਤਿਆਂ ਨੂੰ ਬਾਂਝ ਕਰਨ ਲਈ ਸਰਕਾਰ ਦੀ ਕੋਈ ਯੋਜਨਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੈ ਤਾਂ ਸਾਲ 2016 ਅਤੇ 2017 ਦੌਰਾਨ ਬਾਂਝ ਕੀਤੇ ਉਪਰੋਕਤ ਪਸ਼ੂਆਂ ਦੀ ਗਿਣਤੀ ਕਿੰਨੀ ਹੈ ਅਤੇ ਸਰਕਾਰ ਦੁਆਰਾ ਭਵਿੱਖ ਵਿਚ ਇਸ ਸਬੰਧੀ ਕੀ ਟੀਚਾ ਨਿਰਧਾਰਿਤ ਕੀਤਾ ਗਿਆ ਹੈ?

ਪਰਤੋਂ ਜੀ....

ਸ਼ਗਨ ਸਕੀਮ

*777. ਸਰਦਾਰ ਬਿਕਰਮ ਸਿੰਘ ਮਜੀਠੀਆ, ਐਮ.ਐਲ.ਏ.:- ਕੀ ਭਲਾਈ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਇਸ ਸਮੇਂ ਗਰੀਬ ਲੜਕੀਆਂ ਦੇ ਵਿਆਹਾਂ ਤੇ ਪੰਜਾਬ ਸਰਕਾਰ ਵਲੋਂ ਦਿੱਤੀ ਜਾਂਦੀ ਸ਼ਗਨ ਸਕੀਮ (ਅਸ਼ੀਰਵਾਦ ਸਕੀਮ) ਪਹਿਲੀ ਵਾਰ ਕਦੋਂ ਸ਼ੁਰੂ ਕੀਤੀ ਗਈ ਸੀ ਅਤੇ ਇਸ ਸਕੀਮ ਅਧੀਨ ਲਾਭਪਾਤਰੀਆਂ ਨੂੰ ਕਿੰਨੀ ਰਾਸ਼ੀ ਦਿਤੀ ਜਾਂਦੀ ਹੈ;

ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਸਕੀਮ ਅਧੀਨ ਮਾਰਚ, 2017 ਤੋਂ ਲੈ ਕੇ 31 ਦਸੰਬਰ, 2017 ਤੱਕ ਰਾਜ ਵਿੱਚ ਕਿੰਨੇ ਲਾਭ ਪਾਤਰੀਆਂ ਨੂੰ ਇਸ ਸਕੀਮ ਦਾ ਲਾਭ ਦਿੱਤਾ ਗਿਆ ਹੈ;

ੲ) ਜ਼ਿਲ੍ਹਾ ਅੰਮ੍ਰਿਤਸਰ ਦੇ ਵੱਖ-ਵੱਖ ਵਿਕਾਸ ਬਲਾਕਾਂ ਵਿੱਚ ਇਸ ਸਮੇਂ ਦੌਰਾਨ ਲਾਭਪਾਤਰੀਆਂ ਨੂੰ ਇਸ ਸਕੀਮ ਅਧੀਨ ਕੁੱਲ ਕਿੰਨੀ-ਕਿੰਨੀ ਰਕਮ, ਬਲਾਕ ਵਾਈਜ਼ ਵੰਡੀ ਗਈ ਹੈ;

ਸ) ਕੀ ਇਸ ਸਕੀਮ ਅਧੀਨ ਪ੍ਰਤੀ ਲਾਭਪਾਤਰੀ ਦਿੱਤੀ ਜਾਂਦੀ ਰਾਸ਼ੀ ਨੂੰ ਵਧਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਹਲਕਾ ਫਾਜ਼ਿਲਕਾ ਵਿੱਚ ਪੈਂਦੇ ਪਿੰਡ ਮੁਰਾਦਵਾਲਾ ਤੇ ਬਾਰੇਕੇ ਦੀ ਪੰਚਾਇਤ ਦੀ ਮਾਲਕੀ ਜ਼ਮੀਨ ਦਾ ਵੇਰਵਾ

*793. ਸਰਦਾਰ ਦਵਿੰਦਰ ਸਿੰਘ ਘੁਬਾਇਆ, ਐਮ.ਐਲ.ਏ.:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਫਾਜ਼ਿਲਕਾ ਹਲਕੇ ਵਿੱਚ ਪੈਂਦੇ ਪਿੰਡ ਮੁਰਾਦਵਾਲਾ ਤੇ ਬਾਰੇਕੇ ਦੀ ਪੰਚਾਇਤ ਦੀ ਕਿੰਨੀ ਮਾਲਕੀ ਜ਼ਮੀਨ ਹੈ ਤੇ ਇਸ ਪੰਚਾਇਤੀ ਰਕਬੇ ਦੀ ਸਾਲ 2016-2017 ਅਤੇ 2017-2018 ਵਿੱਚ ਕਿੰਨੀ ਬੋਲੀ ਹੋਈ ਹੈ;

ਅ) ਜੇਕਰ ਇਸ ਜਮੀਨ ਉੱਪਰ ਕਿਸੇ ਹੋਰ ਦਾ ਕਬਜ਼ਾ ਹੈ ਤਾਂ ਪੰਚਾਇਤ ਵਿਭਾਗ ਇਸ ਨੂੰ ਕਬਜ਼ੇ ਤੋਂ ਮੁਕਤ ਕਰਵਾਉਣ ਲਈ ਕੀ ਉਪਰਾਲੇ ਕਰ ਰਿਹਾ ਹੈ?

ਆਈ.ਟੀ.ਆਈ. ਬਹਿਕ ਗੁੱਜਰਾਂ ਵਿਖੇ ਮਨਜ਼ੂਰਸ਼ੁਦਾ ਅਸਾਮੀਆਂ

*1189. ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ:- ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਆਈ.ਟੀ.ਆਈ.ਬਹਿਕ ਗੁੱਜਰਾਂ ਵਿਖੇ ਕੁੱਲ ਕਿੰਨੀਆਂ ਮਨਜ਼ੂਰਸ਼ੁਦਾ ਆਸਾਮੀਆਂ ਹਨ;

ਅ) ਇਨ੍ਹਾਂ ਵਿੱਚੋਂ ਕਿੰਨੀਆਂ ਆਸਾਮੀਆਂ ਖਾਲੀ ਹਨ ਅਤੇ ਇਹ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ;

ੲ) ਇਸ ਆਈ.ਟੀ.ਆਈ. ਵਿੱਚ ਕੁੱਲ ਕਿੰਨੇ ਕੋਰਸ ਚੱਲਦੇ ਹਨ ਅਤੇ ਕੀ ਕੁਝ ਨਵੇਂ ਕੋਰਸ ਚਾਲੂ ਕਰਨ ਦੀ ਸਰਕਾਰ ਦੀ ਕੋਈ ਤਜਵੀਜ਼ ਹੈ?

ਹਲਕਾ ਅਬੋਹਰ ਦੇ ਵੱਡੇ ਪਿੰਡ ਦਾਨੇਵਾਲਾ ਦੇ ਮਿਡਲ ਸਕੂਲ ਨੂੰ ਅਪਗ੍ਰੇਡ ਕਰਨਾ

*822. ਸ਼੍ਰੀ ਅਰੁਣ ਨਾਰੰਗ, ਐਮ.ਐਲ.ਏ.:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਅਬੋਹਰ ਦੇ ਵੱਡੇ ਪਿੰਡ ਦਾਨੇਵਾਲਾ (ਅਬਾਦੀ ਤਕਰੀਬਨ 6000) ਵਿੱਚ ਸਰਕਾਰੀ ਸਕੂਲ ਕੇਵਲ ਮਿਡਲ ਤੱਕ ਹੈ ਜਿਸ ਕਾਰਨ ਇਸ ਪਿੰਡ ਦੀਆਂ ਕਰੀਬ ਚਾਰ/ਪੰਜ ਸੌ ਬੱਚੀਆਂ ਨੂੰ ਹਾਈ ਸਕੂਲ ਤੋਂ ਸੀਨੀਅਰ ਸੈਕੰਡਰੀ ਪੱਧਰ ਦੀ ਪੜ੍ਹਾਈ ਲਈ ਨਾਲ ਦੇ ਪਿੰਡਾਂ ਦੇ ਸਕੂਲਾਂ ਵਿੱਚ ਜਾਣਾ ਪੈਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਪਿੰਡ ਦੇ ਮਿਡਲ ਸਕੂਲ ਨੂੰ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਲੁਧਿਆਣਾ ਤੋਂ ਰਾਹੋਂ ਵਾਇਆ ਮਿਹਰਬਾਨ ਸੜਕ ਨੂੰ ਚੌੜਾ ਕਰਨਾ

*851. ਸਰਦਾਰ ਸ਼ਰਨਜੀਤ ਸਿੰਘ ਢਿੱਲੋਂ, ਐਮ.ਐਲ.ਏ. :- ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲੁਧਿਆਣਾ ਤੋਂ ਰਾਹੋਂ ਵਾਇਆ ਮਿਹਰਬਾਨ ਸੜਕ ਨੂੰ ਚੌੜਾ ਕਰਕੇ ਬਨਾਉਣ ਦਾ ਕੰਮ ਕਦੋਂ ਸ਼ੁਰੂ ਕੀਤਾ ਜਾ ਰਿਹਾ ਹੈ ਅਤੇ ਇਹ ਸੜਕ ਕਿੰਨੇ ਸਮੇਂ ਵਿੱਚ ਬਣ ਕੇ ਤਿਆਰ ਹੋ ਜਾਵੇਗੀ?

ਘਨੌਰ ਵਿੱਚ ਸੀਵਰੇਜ਼ ਟਰੀਟਮੈਂਟ ਪਲਾਂਟ ਲਗਾਉਣਾ

*867. ਸ਼੍ਰੀ ਮਦਨ ਲਾਲ ਜਲਾਲਪੁਰ, ਐਮ.ਐਲ.ਏ.:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਘਨੌਰ ਵਿੱਚ ਸੀਵਰੇਜ਼ ਟਰੀਟਮੈਂਟ ਪਲਾਂਟ ਲਗਾਉਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਪਲਾਂਟ ਨੂੰ ਅਗਲੇ ਵਿੱਤੀ ਸਾਲ ਵਿੱਚ ਲਗਾਉਣ ਲਈ ਫੰਡਜ਼ ਦਾ ਉਪਬੰਧ ਕੀਤਾ ਜਾਵੇਗਾ?

ਪਿੰਡ ਤਲਵਾੜਾ (ਅਮਲੋਹ) ਦੀ ਪੰਚਾਇਤੀ/ਸ਼ਾਮਲਾਟ ਜ਼ਮੀਨ ਨੂੰ ਗੈਰਕਾਨੂੰਨੀ ਤੋਰ ਤੇ ਕਿਸੇ ਦੇ ਨਾਂ ਤੇ ਟਰਾਂਸਫਰ ਕਰਨਾ

*906 ਸਰਦਾਰ ਰਣਦੀਪ ਸਿੰਘ ਨਾਭਾ, ਐਮ.ਐਲ.ਏ.:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਤਲਵਾੜਾ (ਅਮਲੋਹ) ਦੀ 1205 ਕਨਾਲ ਪੰਚਾਇਤੀ/ਸ਼ਾਮਲਾਟ ਜ਼ਮੀਨ ਨੂੰ ਗੈਰਕਾਨੂੰਨੀ ਤੋਰ ਤੇ ਕਿਸੇ ਦੇ ਨਾਂ ਤੇ ਟਰਾਂਸਫਰ ਕਰ ਦਿਤਾ ਗਿਆ ਸੀ, ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ ਅਤੇ ਅਜਿਹਾ ਕਦੋਂ ਅਤੇ ਕਿਨ੍ਹਾਂ ਹਾਲਾਤਾਂ ਵਿਚ ਕੀਤਾ ਗਿਆ ਸੀ?

ਸੀਨੀਅਰ ਸੈਕੰਡਰੀ ਸਕੂਲ ਬੰਗਾ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿੱਚ ਅਧਿਆਪਕਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ

*852. ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ. :- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੀਨੀਅਰ ਸੈਕੰਡਰੀ ਸਕੂਲ, ਬੰਗਾ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿੱਚ ਅਧਿਆਪਕਾਂ ਦੀਆਂ ਕਿੰਨੀਆ ਮਨਜੂਰ ਸ਼ੁਦਾ ਅਸਾਮੀਆਂ ਹਨ ਤੇ ਇਨ੍ਹਾਂ ਵਿੱਚੋਂ ਕਿੰਨੀਆਂ ਅਸਾਮੀਆਂ ਖਾਲੀ ਹਨ, ਖਾਲੀ ਅਸਾਮੀਆਂ ਜੇਕਰ ਹੋਣ, ਤਾਂ ਇਨ੍ਹਾਂ ਨੂੰ ਖਾਲੀ ਰੱਖਣ ਦੇ ਕੀ ਕਾਰਨ ਹਨ ਅਤੇ ਇਨ੍ਹਾਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

ਪੰਜਾਬ ਦੇ ਪਿੰਡਾਂ ਦੇ ਆਂਗਨਵਾੜੀ ਕੇਂਦਰਾਂ ਵਿਚ ਪੀਣ ਵਾਲਾ ਪਾਣੀ ਅਤੇ ਪਾਵਰ ਸਪਲਾਈ ਦੇਣਾ

*860. ਸ਼੍ਰੀ ਨੱਥੂ ਰਾਮ, ਐਮ.ਐਲ.ਏ. :- ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਦੇ ਪਿੰਡਾਂ ਦੇ ਆਂਗਨਵਾੜੀ ਕੇਂਦਰਾਂ ਵਿੱਚ ਪੀਣ ਵਾਲਾ ਪਾਣੀ ਅਤੇ ਪਾਵਰ ਸਪਲਾਈ ਦੇਣ ਲਈ ਸਰਕਾਰ ਦੁਆਰਾ ਕੀ-ਕੀ ਕਦਮ ਚੁੱਕੇ ਜਾਣੇ ਤਜਵੀਜ਼ਤ ਹਨ ਜਿੱਥੇ ਇਹ ਸੁਵਿਧਾਵਾਂ ਮੌਜੂਦ ਨਹੀਂ ਹਨ?

ਚੰਡੀਗੜ੍ਹ
ਮਿਤੀ 19 ਮਾਰਚ, 2018

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।